ਪੰਜਾਬ ਸਰਕਾਰ
ਸਿੱਖਿਆ ਵਿਭਾਗ

(Through Wabsite)

ਸੇਵਾ ਵਿਖੇ,

1) ਸਮੂਹ ਮੰਡਲ ਸਿੱਖਿਆ ਅਫਸਰ(ਸੈਸਿ), ਪੰਜਾਬ।
2) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐ;ਸਿ),ਪੰਜਾਬ।
3) ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਪੰਜਾਬ ਰਾਜ ਵਿੱਚ।
4) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ ਰਾਜ ਵਿੱਚ।

ਮੀਮੋ ਨੰ; 15/61-2017 ਦੇ ਸ਼ਾਖਾ (1) /469
ਮਿਤੀ ਚੰਡੀਗੜ੍ਹ 04/08/2017

**ਵਿਸ਼ਾ ; ਏ.ਸੀ.ਪੀ ਸਬੰਧੀ ਦਿਸ਼ਾ ਨਿਰਦੇਸ਼ ਲੈਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਬੀ.ਐਡ ਅਧਿਆਪਕ ਫਰੰਟ ਪੰਜਾਬ, ਵੱਲੋਂ ਉਨ੍ਹਾਂ ਦੇ ਪੱਤਰ ਨੰ: ਸਪੈਸ਼ਲ-218 ਮਿਤੀ 27-07-2017 ਰਾਹੀਂ ਲਿਖਿਆ ਗਿਆ ਹੈ ਕਿ 14,000 ਅਧਿਆਪਕ ਬਤੌਰ ਸਿੱਖਿਆ ਸਰਵਿਸ਼ ਪ੍ਰੋਵਾਈਡਰ ਅਤੇ ਟੀਚਿੰਗ ਫੈਲੋਜ਼ ਅਕਤੂਬਰ 2008 ਵਿੱਚ ਭਰਤੀ ਹੋਏ ਸਨ ਅਤੇ ਉਨ੍ਹਾਂ ਦੀਆਂ ਸੇਵਾਵਾਂ ਮਿਤੀ 01-04-2011 ਨੂੰ ਬਤੌਰ ਮਾਸਟਰ ਅਤੇ ਪ੍ਰਾਇਮਰੀ ਟੀਚਰ ਰੈਗੂਲਰ ਹੋਈਆਂ ਸਨ। ਉਨ੍ਹਾਂ ਵੱਲੋਂ ਅਗਵਾਈ ਮੰਗੀ ਗਈ ਹੈ ਕਿ ਇਨ੍ਹਾਂ ਕਰਮਚਾਰੀਆਂ ਨੂੰ ਏ.ਸੀ.ਪੀ ਕਿਸ ਮਿਤੀ ਨੂੰ ਮਿਲਣਯੋਗ ਹੈ।

ਇਸ ਸਬੰਧੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਵਿੱਤ ਵਿਭਾਗ ਪੰਜਾਬ ਸਰਕਾਰ ਦੇ ਪੱਤਰ ਨੰ: 7/14/88/5-ਐਫ.ਪੀ-1/16200 ਮਿਤੀ 01-09-89 ਰਾਹੀਂ ਦਿੱਤੇ ਸਪੱਸ਼ਟੀਕਰਨ ਨੰਬਰ 6 ਅਨੁਸਾਰ ਏ.ਸੀ.ਪੀ. ਅਧੀਨ ਲਾਭ ਰੈਗੂਲਰ ਨਿਯੁਕਤੀ ਦੀ ਮਿਤੀ ਤੋਂ ਅੱਗੇ 4/9/14 ਸਾਲਾ ਦੀ ਸੇਵਾ ਗਿਣ ਕੇ ਸਰਕਾਰ ਦੀਆਂ ਵਿਸ਼ੇ ਅਧੀਨ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦਿੱਤਾ ਜਾਣਾ ਹੈ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ, ਅਕਤੂਬਰ/ਦਸੰਬਰ 2011 ਵਿੱਚ ਹੋਈ ਸਕੇਲਾਂ ਦੀ ਰਵੀਜ਼ਨ ਦਾ ਏ.ਸੀ.ਪੀ ਤਹਿਤ ਲਾਭ ਤੇ ਕੋਈ ਪ੍ਰਭਾਵ ਨਹੀਂ ਹੋਵੇਗਾ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)

ਕਾਪੀ;- ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ, ਐਸ.ਏ.ਐਸ ਨਗਰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।